# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

## ਕੰਟ੍ਰੋਲਰ ਪ੍ਰੀਖਿਆਵਾਂ ਦਫਤਰ

ਨੰ. 31612
ਮਿਤੀ 06/6/25

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ/ਕੋਆਰਡੀਨੇਟਰ ਸਾਹਿਬਾਨ

ਵਿਸ਼ਾ: ਸੈਸ਼ਨ ਮਈ 2025 ਆਨਲਾਈਨ ਪੋਰਟਲ 'ਤੇ ਥੀਊਰੀ ਇੰਟਰਨਲ/ਪ੍ਰੈਕਟੀਕਲ ਇੰਟਰਨਲ/ਪ੍ਰੈਕਟੀਕਲ ਐਕਸਟਰਨਲ ਦੇ ਮਾਰਕਸ ਅਪਲੋਡ ਦੀ ਆਖਰੀ ਮਿਤੀ ਸਬੰਧੀ।

ਕਈ ਵਿਭਾਗਾਂ/ਕਾਲਜਾਂ ਵੱਲੋਂ ਪ੍ਰਾਪਤ ਬੇਨਤੀਆਂ 'ਤੇ ਇਸ ਦਫਤਰ ਵੱਲੋਂ ਪਹਿਲਾਂ ਜਾਰੀ ਪੱਤਰ ਨੰਬਰ 31084/ਸੀਓਈ ਮਿਤੀ 2.6.2025 ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਸੈਸ਼ਨ ਮਈ, 2025 ਲਈ ਸਾਰੇ ਕੋਰਸਾਂ/ਕਲਾਸਾਂ ਦੀਆਂ ਥੀਊਰੀ ਇੰਟਰਨਲ/ਪ੍ਰੈਕਟੀਕਲ ਇੰਟਰਨਲ/ਪ੍ਰੈਕਟੀਕਲ ਐਕਸਟਰਨਲ ਆਨਲਾਈਨ ਪੋਰਟਲ ਤੇ ਅਪਲੋਡ ਦੀ ਆਖਰੀ ਮਿਤੀ ਵਧਾ ਕੇ 16.6.2025 ਕੀਤੀ ਜਾਂਦੀ ਹੈ

ਅਤੇ ਅਵਾਰਡਾਂ ਦੀਆਂ ਹਾਰਡ-ਕਾਪੀਆਂ ਅਵਾਰਡ ਸੈਕਸ਼ਨ ਵਿਖੇ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 18.6.2025 (ਸ਼ਾਮ 4 ਵਜੇ ਤੱਕ) ਕੀਤੀ ਜਾਂਦੀ ਹੈ।

ਉਪਰੋਕਤ ਵਿਭਾਗਾਂ/ਕਾਲਜਾਂ ਵੱਲੋਂ ਆਪਣੇ ਪੱਧਰ 'ਤੇ ਕਰਵਾਏ ਗਏ ਪੇਪਰ ਜਿਵੇਂ ਕਿ SEC/VAC/IDC/MDC Punjabi Qualifiying ਆਦਿ 'ਤੇ ਵੀ ਲਾਗੂ ਹੋਵੇਗਾ।

**ਇੰਟਰਨਲ ਪੋਰਟਲ 'ਤੇ ਸਮੱਸਿਆ ਸਬੰਧੀ assessment@pbi.ac.in 'ਤੇ ਈਮੇਲ ਮਿਤੀ 16.6.2025 ਤੱਕ ਕੀਤੀਆਂ ਗਈਆਂ ਈਮੇਲਜ਼ 'ਤੇ ਹੀ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਉਪਰੰਤ ਕਾਰਵਾਈ ਯੂਨੀਵਰਸਿਟੀ ਨਿਯਮਾਂ (ਤਰੁੱਟੀ ਫੀਸ ਦੇ ਨਾਲ) ਅਨੁਸਾਰ ਕੀਤੀ ਜਾਵੇਗੀ।**

ਇੱਥੇ ਇਹ ਸਪਸ਼ਟ ਹੈ ਕਿ ਇਸ ਮਿਤੀ ਤੋਂ ਬਾਅਦ ਆਖਰੀ ਮਿਤੀ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ।

ਨੋਟ:

1. ਜਿਨ੍ਹਾਂ ਕੋਰਸਾਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਨਹੀਂ ਹੋਈਆਂ ਹਨ, ਉਹਨਾਂ ਕੋਰਸਾਂ ਦੀਆਂ ਪ੍ਰੈਕਟੀਕਲ ਅਵਾਰਡਾਂ ਅਪਲੋਡ ਕਰਨ ਲਈ ਪੋਰਟਲ ਅਲੱਗ ਤੋਂ ਖੋਲ੍ਹਿਆ ਜਾਵੇਗਾ।
2. ਜਿਨ੍ਹਾਂ ਵਿਦਿਆਰਥੀਆਂ ਦੇ ਫਾਰਮ ਵਿੱਚ ਪ੍ਰੈਕਟੀਕਲ ਆਪਸ਼ਨ 'Yes' ਹੈ ਕੇਵਲ ਉਹਨਾਂ ਵਿਦਿਆਰਥੀਆਂ ਦੇ ਹੀ ਪ੍ਰੈਕਟੀਕਲ ਅਵਾਰਡਾਂ ਦੇ ਮਾਰਕਸ ਭਰੇ ਜਾਣਗੇ।
3. ਸਬੰਧਤ ਸੈੱਟਾਂ ਦੇ ਡੀਲੀਂਗ ਦੇ ਮੋਬਾਇਲ ਨੰਬਰ ਲਈ ਵਿਭਾਗ/ਕਾਲਜ ਲੋਗਇਨ ਪੋਰਟਲ 'ਤੇ 'ਰਿਪੋਰਟ' ਲਿੰਕ ਵਿੱਚ ਰਿਪੋਰਟ ਨੰਬਰ 2112 ਚੈਕ ਕੀਤੀ ਜਾਵੇ ਜੀ।

Sharma
06/06/25

ਕੰਟਰੋਲਰ (ਪ੍ਰੀਖਿਆਵਾਂ)